# Office of Deputy Commissioner Fazilka
## ਦਫ਼ਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ
## (ਫੁਟਕਲ ਸ਼ਾਖਾ)

ਹੁਕਮ :-

ਸਰਕਾਰ ਵੱਲੋਂ ਆਮ ਜਨਤਾ ਨੂੰ ਮਹਾਂਮਾਰੀ ਤੋਂ ਬਚਾਉਣ ਲਈ ਸਾਵਧਾਨੀ ਵਰਤਦੇ ਹੋਏ ਰਾਜ ਵਿਚ ਤਾਲਾ-ਬੰਦੀ ਦੇ ਨਾਲ-2 ਕਰਫਿਊ ਵੀ ਜਾਰੀ ਰੱਖਿਆ ਗਿਆ ਹੈ। ਸਰਕਾਰ ਵੱਲੋਂ ਜਾਰੀ ਆਦੇਸ਼ਾਂ ਦੀ ਪਾਲਣਾ ਵਿਚ ਜ਼ਿਲ੍ਹਾ ਫਾਜ਼ਿਲਕਾ ਵਿਚ ਵੀ ਤਾਲਾ-ਬੰਦੀ ਅਤੇ ਕਰਫਿਊ ਮਿਤੀ 03-05-2020 ਤੱਕ ਵਧਾਇਆ ਗਿਆ ਹੈ ਤਾਂ ਜੋ ਆਮ ਜਨਤਾ ਨੂੰ ਇਸ ਮਹਾਂਮਾਰੀ ਤੋਂ ਬਚਾਇਆ ਜਾ ਸਕੇ।

ਇਸ ਲਈ ਲੋਕ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਫਾਜ਼ਿਲਕਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਕੋਰੋਨਾ ਮਹਾਂਵਾਰੀ ਦੇ ਪ੍ਰਕੋਪ ਤੋ ਬਚਾਉਣ ਲਈ ਐਪੀਡੇਮਿਕ ਕੰਟਰੋਲ ਐਕਟ 1897 (Epidenic Control Act-1897) ਸੈਕਸ਼ਨ-2 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਮਿਤੀ 15-04-2020 ਤੋਂ ਮਿਤੀ 03-05-2020 ਤੱਕ ਜ਼ਿਲ੍ਹਾ ਫਾਜ਼ਿਲਕਾ ਵਿਚ ਕਰਫਿਊ ਦੇ ਨਾਲ ਤਾਲਾ-ਬੰਦੀ ਕੀਤੀ ਗਈ ਸੀ।

ਆਮ ਜਨਤਾ ਨੂੰ ਰੋਜ਼ਾਨਾ ਵਰਤੋਂ ਵਿਚ ਆਉਣ ਵਾਲੀਆਂ ਮੁਢਲੀਆਂ ਸਹੂਲਤਾਂ ਲਈ ਢਿੱਲ ਦਿੱਤੀ ਗਈ ਸੀ, ਪਰ ਸ਼ਹਿਰੀ ਅਤੇ ਪੇਂਡੂ ਖੇਤਰ ਦੀਆਂ ਮੰਡੀਆਂ ਵਿਚ ਮਿਤੀ 17-04-2020 ਤੋਂ ਕਣਕ ਦੀ ਆਮਦ ਸ਼ੁਰੂ ਹੋ ਗਈ ਹੈ। ਇਸ ਨਾਲ ਮੰਡੀਆਂ ਵਿਚ ਜਿੰਮੀਦਾਰ ਦੀਆਂ ਟਰੈਕਟਰ/ਟਰਾਲੀਆਂ ਦੀ ਆਮਦ ਵੱਧ ਰਹੀ ਹੈ। ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਬਾਕੀ ਕਾਰੋਬਾਰ ਦੇ ਸਮ੍ਹਾਂ/ਦਿਨ੍ਹਾਂ ਵਿਚ ਤਬਦੀਲੀ ਕਰਕੇ ਹੋਣ ਵਾਲੀ ਆਵਾਜਾਈ ਨੂੰ ਘਟਾਇਆ ਜਾ ਸਕਦਾ ਹੈ। ਲਿਹਾਜਾ ਆਮ ਜਨਤਾ ਨੂੰ ਮੁਢਲੀਆਂ ਸਹੂਲਤਾਂ ਮੁਹੱਈਆਂ ਕਰਵਉਣ ਲਈ ਹੇਠ ਲਿਖੇ ਅਨੁਸਾਰ ਤਬਦੀਲੀ ਕੀਤੀ ਜਾਂਦੀ ਹੈ, ਬਾਕੀ ਆਦੇਸ਼ ਪਹਿਲਾਂ ਦੀ ਤਰ੍ਹਾਂ ਬਰਕਰਾਰ ਰਹਿਣਗੇ :-

1) <u>ਸਬਜੀ/ਫੱਲ ਦੀ ਵਿੱਕਰੀ/ਸਟੋਰੇਜ</u> :- ਜ਼ਿਲ੍ਹੇ ਵਿਚ ਸਥਾਪਿਤ ਸਮੂਹ ਸਬਜੀ ਮੰਡੀਆਂ ਵਿਚ ਸਬਜੀ/ਫੱਲ ਦੀ ਵਿੱਕਰੀ ਰੋਜਾਨਾ ਸਵੇਰੇ 07:00 ਵਜੇ ਤੋਂ ਸਵੇਰੇ 10:00 ਵਜੇ ਤੱਕ ਮੁਕਰਰ ਕੀਤੀ ਗਈ ਸੀ, ਪਰ ਹੁਣ ਹਫਤੇ ਵਿਚ ਮੰਗਲਵਾਰ, ਵੀਰਵਾਰ, ਸ਼ਨੀਵਾਰ ਸਮ੍ਹਾਂ ਸਵੇਰੇ 07-00 ਵਜੇ ਤੋਂ ਸਵੇਰੇ 10-00 ਵਜੇ ਤੱਕ ਕੀਤੀ ਜਾਵੇਗੀ ਅਤੇ ਸਟੋਰੇਜ਼ ਵੀ ਇਸੇ ਸਮੇਂ ਕੀਤੀ ਜਾਇਆ ਕਰੇਗੀ। ਸੋਮਵਾਰ, ਬੁੱਧਵਾਰ, ਸ਼ੁਕਰਵਾਰ ਅਤੇ ਐਤਵਾਰ ਨੂੰ ਸਬਜ਼ੀ/ਫੱਲ ਦੀ ਸਬਜੀ ਮੰਡੀ ਵਿਚ ਵਿੱਕਰੀ/ਸਟੋਰੇਜ਼ ਨਹੀਂ ਕੀਤੀ ਜਾਵੇਗੀ ਅਤੇ ਮੰਡੀ ਬੰਦ ਰਹੇਗੀ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਾਰਰ ਰਹਿਣਗੀਆਂ। ਸਕੱਤਰ ਮਾਰਕੀਟ ਕਮੇਟੀ ਇਹ ਕਾਰਵਾਈ ਯਕੀਨੀ ਬਨਾਉਣਗੇ।

2) <u>ਮੈਡੀਕਲ ਸ਼ਾਪ/ਵੈਟੇਨਰੀ ਸ਼ਾਪ ਸਬੰਧੀ</u> :- ਸਬੰਧਤ ਦੁਕਾਨਦਾਰਾਂ ਲਈ ਦਵਾਈਆਂ ਦੀ ਸਪਲਾਈ ਰੋਜਾਨਾ ਸਮ੍ਹਾਂ ਸਵੇਰੇ 10:00 ਵਜੇ ਤੋਂ ਬਾਅਦ ਦੁਪਿਹਰ 02:00 ਵਜੇ ਤੱਕ ਮੁਕਰਰ ਕੀਤਾ ਗਿਆ ਸੀ, ਪਰ ਹੁਣ ਮੈਡੀਕਲ ਸ਼ਾਪ/ਵੈਟੇਨਰੀ ਸ਼ਾਪ ਦੀਆਂ ਕੁਲ ਦੁਕਾਨਾ ਵਿਚੋਂ ਰੋਸਟਰ ਅਨੁਸਾਰ ਵਾਰੀ ਨਾਲ 50 % ਦੁਕਾਨਾ ਰੋਜਾਨਾ ਸਮ੍ਹਾਂ ਸਵੇਰੇ 05:00 ਵਜੇ ਤੋਂ ਸਵੇਰੇ 08:00 ਵਜੇ ਤੱਕ ਖੁਲ੍ਹਣਗੀਆਂ। ਜੋ ਮੈਡੀਕਲ ਸ਼ਾਪ/ਵੈਟੇਨਰੀ ਸ਼ਾਪ, ਸਰਕਾਰੀ/ ਪ੍ਰਾਈਵੇਟ ਹਸਪਤਾਲਾਂ ਵਿਚ ਹਨ ਅਤੇ 10 ਮੀਟਰ ਦੇ ਘੇਰੇ ਵਿਚ ਹਨ, ਉਹ ਪਹਿਲਾਂ ਵਾਂਗ ਹਰ ਰੋਜ 24 ਘੰਟੇ ਖੁਲ੍ਹੀਆ ਰਹਿਣਗੀਆਂ। ਇਸ ਸਬੰਧੀ ਮੈਡੀਕਲ ਸ਼ਾਪ/ਵੈਟੇਨਰੀ ਸ਼ਾਪ ਐਸੋਸੀਏਸ਼ਨ ਨਾਲ ਤਾਲਮੇਲ ਕਰਨ ਉਪਰੰਤ ਡਰੱਗ ਇੰਸਪੈਕਟਰ ਰੋਸਟਰ ਤਿਆਰ ਕਰਵਾਉਣਗੇ ਅਤੇ ਸਬੰਧਤ ਐਸ.ਡੀ.ਐਮਜ ਨਾਲ ਰਾਬਤਾ ਕਾਇਮ ਕਰਦੇ ਹੋਏ ਲਾਗੂ ਕਰਵਾਉਣਗੇ।ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਰਾਰ ਰਹਿਣਗੀਆਂ। ਇਹ ਕਾਰਵਾਈ ਸਬੰਧਤ ਐਸ.ਡੀ.ਐਮਜ/ਡਰੱਗ ਇੰਸਪੈਕਟਰ ਯਕੀਨੀ ਬਨਾਉਣਗੇ।

3) <u>ਹੋਟਲ/ਰੈਸਟੋਰੈਂਟ ਵੱਲੋਂ ਖਾਣ-ਯੋਗ ਸਮੱਗਰੀ ਦੀ ਸਪਲਾਈ ਸਬੰਧੀ</u> :- ਜ਼ਿਲ੍ਹਾ ਫਾਜ਼ਿਲਕਾ ਵਿਚ ਸਥਾਪਿਤ ਵੱਖ-2 ਹੋਟਲ/ ਰੈਸਟੋਰੈਂਟ ਵੱਲੋਂ ਖਾਣ-ਯੋਗ ਸਮੱਗਰੀ ਦੀ ਘਰ-2 ਸਪਲਾਈ ਹਰ ਰੋਜ ਸਮ੍ਹਾਂ ਦੁਪਿਹਰ 12:00 ਵਜੇ ਤੋਂ ਬਾਅਦ ਦੁਪਿਹਰ 02:00 ਵਜੇ ਅਤੇ ਸ਼ਾਮ 06:00 ਵਜੇ ਤੋਂ ਰਾਤ 08:00 ਵਜੇ ਤੱਕ ਮੁਕਰਰ ਕੀਤਾ ਗਿਆ ਸੀ। ਸ਼ਹਿਰਾਂ/ਮੰਡੀਆਂ ਵਿਚ ਕਣਕ ਦੀ ਆਮਦ ਸ਼ੁਰੂ ਹੋਣ ਨਾਲ ਜਿੰਮੀਦਾਰਾਂ ਵੱਲੋਂ ਕਣਕ ਮੰਡੀਆਂ ਵਿਚ ਲਿਆਉਣ ਕਾਰਣ

Office of the Distt. Magistrate FAZILKA

Scanned with CamScanner

**Office of Deputy Commissioner Fazilka**

**ਦਫ਼ਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ**

**(ਫੁਟਕਲ ਸ਼ਾਖਾ)**

ਆਮਦ ਹੋਣ ਲੱਗ ਪਈ ਹੈ। ਇਸ ਲਈ ਸ਼ਹਿਰੀ ਅਤੇ ਪੇਂਡੂ ਖੇਤਰ ਵਿਚ ਆਵਾਜਾਈ ਨੂੰ ਘਟਾਉਣ ਦੇ ਮੰਤਵ ਲਈ ਹੁਣ ਇਹ ਸਪਲਾਈ ਬਿਨ੍ਹਾਂ ਕਿਸੇ ਪ੍ਰਭਾਵ ਦੇ ਤੁਰੰਤ ਬੰਦ ਕੀਤੀ ਜਾਂਦੀ ਹੈ। ਡੀ.ਐਫ.ਐਸ.ਸੀ. ਅਤੇ ਜ਼ਿਲ੍ਹਾ ਫੂਡ ਅਫ਼ਸਰ, ਇਹ ਕਾਰਵਾਈ ਯਕੀਨੀ ਬਨਾਉਣਗੇ।

4) <u>ਮੱਛੀ ਪੂੰਗ/ਫੀਡ ਦੀ ਸਪਲਾਈ</u> :- ਜ਼ਿਲ੍ਹਾ ਫਾਜ਼ਿਲਕਾ ਵਿਚ ਸਥਾਪਿਤ ਮੱਛੀ-ਫਾਰਮਾਂ ਵਿਚ ਮੱਛੀ ਪੂੰਗ/ਫੀਡ ਦੀ ਸਪਲਾਈ ਕਰਨ ਸਬੰਧੀ ਸਮ੍ਹਾਂ ਹਰ ਰੋਜ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਕੀਤਾ ਗਿਆ ਸੀ,ਪਰ ਹੁਣ ਇਹ ਸਮ੍ਹਾਂ ਹਰ ਰੋਜ਼ ਦੁਪਿਹਰ 12:00 ਵਜੇ ਤੋਂ ਸ਼ਾਮ 05:00 ਵਜੇ ਤੱਕ ਕੀਤਾ ਜਾਂਦਾ ਹੈ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾ ਬਰਕਰਾਰ ਰਹਿਣਗੀਆਂ। ਡਿਪਟੀ ਡਾਇਰੈਕਟਰ ਮੱਛੀ ਪਾਲਣ ਇਹ ਕਾਰਵਾਈ ਯਕੀਨੀ ਬਨਾਉਣਗੇ।

5) <u>ਪ੍ਰਿੰਟਿੰਗ ਪ੍ਰੈਸ</u> :-ਜ਼ਿਲ੍ਹਾ ਫਾਜ਼ਿਲਕਾ ਵਿਚ ਸਥਾਪਿਤ ਪ੍ਰਿੰਟਿੰਗ ਪ੍ਰੈਸਾਂ ਵਿਚ ਖੇਤੀਬਾੜੀ ਨਾਲ ਸਬੰਧੀ ਫਾਰਮ ਜੇ. ਅਤੇ ਰਸੀਦਾਂ ਦੀ ਛਪਾਈ ਦਾ ਸਮ੍ਹਾਂ ਹਰ ਰੋਜ਼ ਸਵੇਰੇ 10:00 ਵਜੇ ਤੋਂ ਸ਼ਾਮ 05:00 ਵਜੇ ਤੱਕ ਕੀਤਾ ਗਿਆ ਸੀ, ਹੁਣ ਇਹ ਸਮ੍ਹਾਂ ਹਰ ਰੋਜ਼ ਦੁਪਿਹਰ 12:00 ਵਜੇ ਤੋ ਸ਼ਾਮ 05:00 ਵਜੇ ਤੱਕ ਮੁਕਰਰ ਕੀਤਾ ਜਾਂਦਾ ਹੈ। ਅਗਰ ਕਿਸੇ ਪ੍ਰਿੰਟਿੰਗ ਪ੍ਰੈਸ ਦਾ ਕੰਮ ਵੱਧ ਹੋਵੇਗਾ ਤਾਂ ਉਹ ਆਪਣੀ ਦੁਕਾਨ ਦਾ ਸ਼ਟਰ ਬੰਦ ਕਰਕੇ ਪੂਰਾ ਕਰ ਸਕਦਾ ਹੈ।

6) <u>ਗੈਸ ਦੀ ਸਪਲਾਈ</u> :-ਗੈਸ ਦੀ ਸਪਲਾਈ, ਗੈਸ ਏਜੰਸੀਆ ਵੱਲੋਂ ਹਰ ਰੋਜ਼ ਦੁਪਿਹਰ 12:00 ਵਜੇ ਤੋਂ ਸ਼ਾਮ 05:00 ਵਜੇ ਤੱਕ ਕੀਤੀ ਗਈ ਸੀ, ਪਰ ਹੁਣ ਗੈਸ ਦੀ ਸਪਲਾਈ ਰੋਜ਼ਾਨਾ ਦੁਪਿਹਰ 12-00 ਵਜੇ ਤੋਂ ਸ਼ਾਮ 07-00 ਵਜੇ ਤੱਕ ਕੀਤੀ ਜਾਵੇਗੀ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਾਰਰ ਰਹਿਣਗੀਆਂ। ਡੀ.ਐਫ.ਐਸ.ਸੀ.ਫਾਜ਼ਿਲਕਾ ਇਹ ਕਾਰਵਾਈ ਯਕੀਨੀ ਬਨਾਉਣਗੇ।

7) <u>ਜ਼ਿਲ੍ਹਾ ਫਾਜ਼ਿਲਕਾ ਵਿਚ ਸਥਾਪਿਤ ਬੈਂਕ/ਏ.ਟੀ.ਐਮਜ</u> :- ਜ਼ਿਲਾ ਫਾਜ਼ਿਲਕਾ ਵਿਚ ਸਥਾਪਿਤ ਸਾਰੇ ਬੈਂਕ ਆਮ ਵਾਂਗ ਸਵੇਰੇ 10:00 ਵਜੇ ਤੋਂ ਬਾਅਦ ਦੁਪਿਹਰ 02:00 ਵਜੇ ਖੋਲ੍ਹੇ ਗਏ ਸਨ, ਪਰ ਹੁਣ ਇਹ ਬੈਂਕ ਹਰ ਰੋਜ ਆਮ ਵਾਂਗ ਸਵੇਰੇ 09:00 ਵਜੇ ਤੋਂ ਦੁਪਿਹਰ 02:00 ਵਜੇ ਤੱਕ ਖੁਲ੍ਹੇ ਰਹਿਣਗੇ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਰਾਰ ਰਹਿਣਗੀਆਂ। ਲੀਡ ਬੈਂਕ ਮੈਨੇਜਰ, ਫਾਜ਼ਿਲਕਾ ਇਹ ਕਾਰਵਾਈ ਯਕੀਨੀ ਬਨਾਉਣਗੇ

8) <u>ਦਵਾਈ ਬਨਾਉਣ ਵਾਸਤੇ ਛੋਟੇ ਸੰਤਰਿਆਂ ਦੀ ਖਰੀਦ ਸੰਬੰਧੀ</u> :- ਹਿੰਦੁਸਤਾਨ ਫਾਰਮਡਾਇਰੈਕਟ ਦੇ ਮੈਨੇਜਿੰਗ ਡਾਇਰੈਕਟਰ ਨੂੰ ਜ਼ਿਲ੍ਹਾ ਫਾਜ਼ਿਲਕਾ ਕੁਲੈਕਸ਼ਨ ਸੈਂਟਰ ਮਿਤੀ 01-05-2020 ਤੋਂ ਖੋਲ੍ਹਣ ਦੀ ਆਗਿਆ ਦਿੱਤੀ ਗਈ ਸੀ। ਕਿਸਾਨਾ ਵੱਲੋਂ ਅਤੇ ਡਿਪਟੀ ਡਾਇਰੈਕਟਰ ਬਾਗਬਾਨੀ ਅਬੋਹਰ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਪਰੋਕਤ ਕੰਪਨੀ ਨੂੰ ਖਰੀਦ ਕੇਂਦਰ ਖੋਲ੍ਹਣ ਦੀ ਆਗਿਆ ਦਿੱਤੀ ਜਾਂਦੀ ਹੈ ਤਾਂ ਉਸ ਸੂਰਤ ਵਿਚ ਕਿਨੂੰਆਂ ਦੀ ਚੋਰੀ ਹੋਣ ਦਾ ਖਦਸ਼ਾ ਜ਼ਿਆਦਾ ਹੋਵੇਗਾ। ਕਿਉਂਕਿ ਕੋਵਿਡ-19 ਦੋਰਾਨ ਮਹਿਕਮਾ ਪੁਲਿਸ ਦੇ ਕਰਮਚਾਰੀ ਜਿਆਦਾਤਰ ਪ੍ਰਬੰਧਾਂ ਵਿਚ ਮਸ਼ਰੂਫ ਹਨ ਅਤੇ ਜਿੰਮੀਦਾਰਾਂ ਪਾਸ ਵੀ ਹਾੜ੍ਹੀ ਦੇ ਸੀਜ਼ਨ ਕਾਰਣ ਲੇਬਰ ਦੀ ਕਮੀ ਹੈ। ਇਸ ਕਰਕੇ ਕਿਨੂੰਆਂ ਦੀ ਚੋਰੀ ਨੂੰ ਰੋਕਣ ਲਈ ਉਪਰੋਕਤ ਕੰਪਨੀ ਦੇ ਖਰੀਦ ਕੇਂਦਰਾਂ ਨੂੰ ਖੋਲ੍ਹਣ ਦੀ ਮਨਾਹੀ ਕੀਤੀ ਜਾਵੇ। ਲਿਹਾਜਾ ਕਿਸਾਨਾਂ ਅਤੇ ਡਿਪਟੀ ਡਾਇਰੈਕਟਰ ਬਾਗਬਾਨੀ ਅਬੋਹਰ ਦੀ ਪ੍ਰਤੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਹਿੰਦੁਸਤਾਨ ਫਾਰਮਡਾਇਰੈਕਟ ਦੇ ਖਰੀਦ ਕੇਂਦਰਾਂ ਨੂੰ ਮਿਤੀ 01-05-2020 ਤੋਂ ਦਿੱਤੀ ਗਈ ਪ੍ਰਵਾਨਗੀ, ਬਿਨ੍ਹਾਂ ਕਿਸੇ ਪ੍ਰਭਾਵ ਦੇ ਤੁਰੰਤ ਰੱਦ ਕੀਤੀ ਜਾਂਦੀ ਹੈ ਡਿਪਟੀ ਡਾਇਰੈਕਟਰ ਬਾਗਬਾਨੀ ਇਹ ਕਾਰਵਾਈ ਯਕੀਨੀ ਬਨਾਉਣਗੇ।

ਇਹ ਹੁਕਮ ਅੱਜ ਮਿਤੀ 18-04-2020 ਨੂੰ ਮੇਰੇ ਹਸਤਾਖਰ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਜਾਦਾ ਹੈ।

Office of the Distt. Magistrate FAZILKA

18/4/20

ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.
ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ।

Scanned with CamScanner

## Office of Deputy Commissioner Fazilka
## ਦਫ਼ਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ
### (ਫੁਟਕਲ ਸ਼ਾਖਾ)

ਪਿੱਠ ਅੰਕਣ ਨੰਬਰ 8198 - 8218 /ਐਮ.ਸੀ.3/ਐਮ.ਏ. ਮਿਤੀ 18-04-2020

ਇਸ ਦਾ ਇੱਕ ਉਤਾਰਾ :-

1) ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ ।
2) ਸਿਵਲ ਸਰਜਨ, ਫਾਜ਼ਿਲਕਾ ।
3) ਵਧੀਕ ਡਿਪਟੀ ਕਮਿਸ਼ਨਰ (ਜਨ) / (ਵਿਕਾਸ) ਫਾਜ਼ਿਲਕਾ ।
4) ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਫਾਜ਼ਿਲਕਾ।
5) ਜ਼ਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ, ਫਾਜ਼ਿਲਕਾ
6) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਫਾਜ਼ਿਲਕਾ।
7) ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ ਫਾਜ਼ਿਲਕਾ।
8) ਡਿਪਟੀ ਡਾਇਰੈਕਟਰ, ਮੱਛੀ ਪਾਲਣ ਵਿਭਾਗ, ਫਾਜ਼ਿਲਕਾ।
9) ਡਿਪਟੀ ਡਾਇਰੈਕਟਰ, ਬਾਗਬਾਨੀ ਵਿਭਾਗ, ਫਾਜ਼ਿਲਕਾ।
10) ਜ਼ਿਲ੍ਹਾ ਫੂਡ ਅਫ਼ਸਰ, ਫਾਜ਼ਿਲਕਾ।
11) ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ।
12) ਸਮੂਹ ਡਰੱਗ ਇੰਸਪੈਕਟਰ, ਜ਼ਿਲ੍ਹਾ ਫਾਜ਼ਿਲਕਾ
13) ਲੀਡ ਬੈਕ ਮੈਨੇਜਰ,ਫਜ਼ਿਲਕਾ
13) ਪ੍ਰਧਾਨ ਸਬਜ਼ੀ/ਫੱਲ ਐਸੋਸੀਏਸ਼ਨ/ ਪ੍ਰਧਾਨ ਮੈਡੀਕਲ ਸ਼ਾਪ/ਵੈਟੇਨਰੀ ਸ਼ਾਪ/ ਪ੍ਰਧਾਨ ਪ੍ਰਿੰਟਿੰਗ ਪ੍ਰੈਸ/ਪ੍ਰਧਾਨ ਗੈਸ ਏਜੰਸੀ ਐਸੋਸੀਏਸ਼ਨ ਯੂਨੀਅਨ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾ: ਜ਼ਿਲ੍ਹਾ ਮੈਜਿਸਟਰੇਟ,
ਫਾਜ਼ਿਲਕਾ।

Scanned with CamScan